4585
15/11/21

# ਐਡਮਿਨਸਟਰੇਟਰ ਰੀਲੀਫ ਐਂਡ ਰੀਹੈਬੀਲੀਟੇਸ਼ਨ-ਕਮ-ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸਾਹਿਬਜ਼ਾਦਾ ਅਜੀਤ ਸਿੰਘ ਨਗਰ

ਵੱਲ,

ਭੌਂ ਪ੍ਰਾਪਤੀ ਕੁਲੈਕਟਰ,
ਗਮਾਡਾ,
ਪੁੱਡਾ ਭਵਨ (ਸੈਕਟਰ 62)
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

ਮੀਮੋ ਨੰ: SPL-I /Steno
ਮਿਤੀ:- 15/11/21

ਵਿਸ਼ਾ:- **ਐਸ.ਏ.ਐਸ ਨਗਰ ਦੇ ਮਾਸਟਰ ਪਲੈਨ ਅਨੁਸਾਰ ਇੰਡਸਟ੍ਰੀਅਲ ਸੈਕਟਰ ਦੀ 101 489.45833 ਏਕੜ ਭੌਂ ਪ੍ਰਾਪਤ ਤਹਿਤ ਦੀ ਧਾਰਾ 11 ਜਾਰੀ ਹੋਣ ਉਪਰੰਤ ਧਾਰਾ 16 ਤਹਿਤ ਪ੍ਰਭਾਵਿਤ ਪਰਿਵਾਰਾਂ ਦੀ ਮੁੜਵਸੇਵਾ ਅਤੇ ਮੁੜਸਥਾਪਨਾ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਆਪ ਵੱਲੋਂ ਪ੍ਰਾਪਤ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਦਰਸਾਈ ਸਕੀਮ ਦੀ ਆਰ ਐਂਡ ਆਰ (ਰੀਹੈਬਲੀਟੇਸ਼ਨ ਅਤੇ ਰੀਸੈਟਲਮੈਂਟ) ਰਿਪੋਰਟ ਜੋ ਕਿ ਭੌਂ ਪ੍ਰਾਪਤੀ ਐਕਟ 2013 ਦੀ ਧਾਰਾ 16 ਤਹਿਤ ਪ੍ਰਭਾਵਿਤ ਪਰਿਵਾਰਾਂ ਦੀ ਜਨਤਕ ਸੁਣਵਾਈ ਕਰਨ ਉਪਰੰਤ ਤਿਆਰ ਕੀਤੀ ਗਈ ਹੈ, ਜੋ ਮੂਲ ਰੂਪ ਵਿੱਚ ਭੌਂ ਪ੍ਰਾਪਤੀ ਐਕਟ 2013 ਦੀ ਧਾਰਾ 16 (6) ਤਹਿਤ ਆਪ ਜੀ ਨੂੰ ਅਗਲੇਰੀ ਕਾਰਵਾਈ ਲਈ ਭੇਜੀ ਜਾਂਦੀ ਹੈ ਜੀ।

15/11/21

ਐਡਮਿਨਸਟਰੇਟਰ ਰੀਲੀਫ ਐਂਡ ਰੀਹੈਬੀਲੀਟੇਸ਼ਨ
**ਵਧੀਕ ਡਿਪਟੀ ਕਮਿਸ਼ਨਰ (ਜਨਰਲ)**
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

# ਕਾਰਜਕਾਰੀ ਸੰਖੇਪ

## 0.1. ਪ੍ਰੋਜੈਕਟ ਅਤੇ ਲੋਕ ਭਲਾਈ ਮੰਤਵ

ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਿਟੀ (ਗਮਾਡਾ) ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਆਧੁਨਿਕ ਰੂਪ ਰੇਖਾ ਦੇ ਨਾਲ ਵਿਸ਼ਵ ਪੱਧਰੀ ਸ਼ਹਿਰੀ ਯੋਜਨਾ ਅਤੇ ਵਿਕਾਸ ਦੇ ਕੰਮ ਵਿਚ ਕਾਰਜਰਤ ਹੈ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਯੋਜਨਾ ਖੇਤਰ ਵਿਚ ਘਰੇਲੂ ਕਲੋਨੀਆਂ ਦੇ ਨਾਲ-ਨਾਲ ਵਪਾਰਕ ਅਤੇ ਮਿਸ਼ਰਿਤ ਵਿਕਾਸ ਆਦਿ ਸ਼ਾਮਿਲ ਹਨ। ਗਮਾਡਾ ਨੇ ਪਹਿਲਾਂ ਤੋਂ ਹੀ ਐਰੋਸਿਟੀ, ਆਈ.ਟੀ.ਸਿਟੀ ਲਈ ਯੋਜਨਾ ਬੱਧ ਵਿਕਾਸ ਦੀ ਨੀਂਹ ਤਿਆਰ ਕਰ ਲਈ ਹੈ। ਐਰੋਸਿਟੀ ਦੀ ਯੋਜਨਾ ਮੁੱਕਮਲ ਹੈ ਅਤੇ ਆਈ.ਟੀ.ਸਿਟੀ ਦੀ ਯੋਜਨਾ ਅਗੇਤੇ ਚਰਨਾਂ ਵਿਚ ਪਹੁੰਚ ਗਈ ਹੈ। ਗਮਾਡਾ ਨੇ ਇੰਡਸਟ੍ਰੀ ਦੇ ਵਿਕਾਸ ਲਈ ਇੰਡਸਟ੍ਰੀਅਲ ਸੈਕਟਰ 101 ਦੇ ਵਿਕਾਸ ਦੀ ਯੋਜਨਾ ਤਿਆਰ ਕੀਤੀ ਹੈ। **ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਮਾਸਟਰ ਪਲੈਨ ਅਨੁਸਾਰ ਇੰਡਸਟ੍ਰੀਅਲ ਸੈਕਟਰ 101 ਜਿਸ ਵਿੱਚ ਪਿੰਡ** ਧੁਰਾਲੀ, ਚਾਊ ਮਾਜਰਾ, ਮਨੌਲੀ, ਸੈਣੀ ਮਾਜਰਾ ਅਤੇ ਰਾਏਪੁਰ ਖੁਰਦ ਤਹਿਸੀਲ ਅਤੇ ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਜਮੀਨ ਇਹ ਸੈਕਟਰ ਵਿੱਚ ਸ਼ਾਮਲ ਹੈ ਜਿਸਦਾ ਕੁੱਲ ਰਕਬਾ **489.45833** acres ਹੈ। ਇਸ ਜਮੀਨ ਤੇ ਸਿਰਫ ਪ੍ਰਾਈਵੇਟ ਮਾਲਕਾਂ ਵੱਲੋਂ ਹੀ ਖੇਤੀਬਾੜੀ ਕੀਤੀ ਜਾ ਰਹੀ ਹੈ।

## 0.2 ਮੁੜਵਸੇਵਾ ਅਤੇ ਮੁੜ ਸਥਾਪਤੀ ਸਕੀਮ:-

ਇਹ ਮੁੜਵਸੇਵਾ ਅਤੇ ਮੁੜ ਸਥਾਪਤੀ ਸਕੀਮ LARRA ACT, 2013 ਦੀ ਧਾਰਾ 16 ਦੇ ਅਨੁਸਾਰ ਤਿਆਰ ਕੀਤੀ ਗਈ ਹੈ। ਇਸ ਸਕੀਮ ਹਿੱਤ ਨਿਮਨ ਵਿਧੀ ਨੂੰ ਅਪਣਾਇਆ ਗਿਆ ਹੈ।

i) **ਮੱਰਦਮ ਸ਼ੁਮਾਰੀ ਸਰਵੇਖਣ** (Census Survey): ਮਰਦਮ ਸ਼ੁਮਾਰੀ ਸਰਵੇ ਨਵੰਬਰ 2014 ਵਿੱਚ ਜਮੀਨ ਅਤੇ ਮਕਾਨਾਤ ਦੇ ਸਰਵੇਖਣ ਅੰਤਿਮ ਰੂਪ ਰੇਖਾ (Alignment) ਅਤੇ ਜਮੀਨ ਦੇ ਸਮੁੱਚੇ ਸਰਵੇਖਣ ਕੀਤਾ ਗਿਆ। ਇਹ ਸਰਵੇਖਣ ਵਿੱਚ ਅਸਲ ਪ੍ਰਭਾਵ ਜਮੀਨ ਦਾ ਖੁੱਸ ਜਾਣਾ ਹੈ।

ii) **ਜਮੀਨ ਦੇ ਮਾਲਕ ਨਾਲ ਵਿਚਾਰ ਵਟਾਂਦਰਾ ਅਤੇ ਜਨਤਕ ਸੁਣਵਾਈ:** ਜਦੋਂ ਇਹ ਆਰ ਐਂਡ ਆਰ ਸਕੀਮ ਤਿਆਰ ਕੀਤੀ ਗਈ ਤਾਂ ਜੋ ਮੁੱਦਿਆਂ ਨੂੰ ਧਿਆਨ ਵਿੱਚ ਰੱਖਿਆ ਗਿਆ ਉਹ ਇਸ ਤਰ੍ਹਾਂ ਸਨ, ਪਿੰਡ ਦੇ ਪੱਧਰ ਤੇ ਅਤੇ ਨਿੱਜੀ ਤੌਰ ਤੇ ਵਿਚਾਰ ਵਟਾਂਦਰਾ ਕੀਤਾ ਗਿਆ, ਪੇਂਡੂ

ਸਤੱਰ ਉੱਤੇ ਮਹੱਤਵਪੂਰਨ ਮੁੱਦੇ (But not limited) ਵਿਚਾਰੇ ਗਏ। ਉਹਨਾਂ ਵਿੱਚੋਂ ਮੁੱਖ ਮੁੱਦੇ ਸਨ, ਭੌਂ ਪ੍ਰਾਪਤੀ ਦਾ ਲੋਕਾਂ ਦੇ ਜੀਵਨ ਨਿਰਵਾਹ ਉੱਤੇ ਪ੍ਰਭਾਵ, LARRA, 2013 Act ਤਹਿਤ ਮੁਆਵਜਾ, ਨਿਸ਼ਕਰਸ਼, ਸੁਝਾਅ ਅਤੇ ਜਨਤਕ ਰਾਏ ਤੇ ਆਰ ਐਂਡ ਆਰ ਸਕੀਮ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਮਿਤੀ 25.10.2021 ਨਿਸ਼ਚਿਤ ਕੀਤੀ ਗਈ ਸੀ, ਜਿਸ ਦੀ ਸੂਚਨਾ ਸਬੰਧਤ ਪੰਚਾਇਤਾਂ ਨੂੰ ਵੱਖ-ਵੱਖ ਪੱਤਰਾ ਰਾਹੀਂ ਦਿੱਤੀ ਗਈ ਸੀ। ਇਸ ਮਿੱਥੀ ਮਿਤੀ ਨੂੰ ਪਿੰਡ ਧੁਰਾਲੀ, ਚਾਊ ਮਾਜਰਾ, ਮਨੌਲੀ, ਸੈਣੀ ਮਾਜਰਾ ਅਤੇ ਰਾਏਪੁਰ ਖੁਰਦ ਤਹਿਸੀਲ ਅਤੇ ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਮਿਤੀ 25.10.2021 ਸਮਾਂ 11:00 ਵਜੇ ਪਿੰਡ ਮਨੌਲੀ ਵਿਖੇ ਗੁਰੂਦੁਆਰਾ_ਵਿਖੇ ਜਨਤਕ ਸੁਣਵਾਈ ਕਰਨ ਉਪਰੰਤ ਯੋਜਨਾ ਬਣਾਈ ਗਈ। ਇਹ ਦੱਸਿਆ ਜਾਂਦਾ ਹੈ ਕਿ ਲੋਕਾਂ ਦੇ ਉਕਤ ਸਬੰਧੀ ਕੋਈ ਵੱਡੇ ਮੁੱਦੇ ਨਹੀਂ ਸਨ। ਉਹਨਾਂ ਵੱਲੋਂ ਪ੍ਰਸਤਾਵਿਤ ਪ੍ਰੋਜੈਕਟ ਦੀ ਭੌਂ ਪ੍ਰਾਪਤੀ ਦੇ ਹੱਕ ਵਿੱਚ ਹੁੰਗਾਰਾ ਭਰਿਆ ਗਿਆ ਹੈ। ਜਨਤਕ ਸੁਣਵਾਈ ਦੀ ਕਾਰਵਾਈ ਦੀ ਰਿਪੋਰਟ ਨਾਲ ਨੱਥੀ ਹੈ। ਉਲੀਕੀ ਗਈ ਯੋਜਨਾ ਸਬੰਧੀ ਮਰਦਮ ਸ਼ੁਮਾਰੀ (Census Survey) ਦੇ ਨਿਸ਼ਰਕਸ਼ਾਂ ਮੁਤਾਬਿਕ ਸਕੀਮ ਦੇ ਸਰਵੇਖਣ ਦੀ ਤਫਸੀਲ ਨਿਮਨ ਅਨੁਸਾਰ ਹੈ:-

| ਲੜੀ ਨੰਬਰ | ਵਸਤੂਆਂ ਦੇ ਵੇਰਵੇ | ਪ੍ਰਭਾਵ | ਆਰ ਐਂਡ ਆਰ ਸਕੀਮ ਤਹਿਤ ਦਿੱਤਾ ਜਾਣ ਵਾਲਾ ਲਾਭ |
|---|---|---|---|
| 1 | ਅਚੱਲ ਸੰਪਤੀ ਦੇ ਵੇਰਵੇ:-<br>(1) ਦੋ ਮਕਾਨ ਅਤੇ ਡਾਇਰੀ ਫਾਰਮ<br>(2) ਫਲਦਾਰ ਅਤੇ ਗੈਰ ਦਰਖੱਤਾਂ ਦੀ ਮੌਕੇ ਦੀ ਗਿਣਤੀ ਕਰਕੇ ਸਬੰਧਤ ਤਕਨੀਕੀ ਵਿਭਾਗਾਂ ਨੂੰ ਭੇਜੀ ਜਾਵੇਗੀ। | | LARRA 2013 Act ਦੇ ਅਨੁਸਾਰ ਮੁਆਵਜਾ ਦਿੱਤਾ ਜਾਵੇਗਾ। |
| 2(a) | ਜ਼ਮੀਨ ਦੇ ਖੁਸਣ ਨਾਲ ਰੋਜੀ ਰੋਟੀ ਦੇ ਸਾਧਨਾਂ ਦਾ ਖੁੱਸ ਜਾਣਾ। | ਜ਼ਮੀਨ ਦੇ ਨੁਕਸਾਨ ਕਰਕੇ ਰੋਜ਼ੀ ਰੋਟੀ ਦੇ ਸਾਧਨ ਪ੍ਰਭਾਵਿਤ ਹੋਏ ਹਨ। | ਹਰ ਇੱਕ ਪ੍ਰਭਾਵਿਤ ਪਰਿਵਾਰ ਨੂੰ ਪ੍ਰਸਤਾਵਿਤ ਪ੍ਰੋਜੈਕਟ ਰਾਹੀਂ ਆਰ ਐਂਡ ਆਰ ਤਹਿਤ 500000/- ਰੁਪਏ ਦੀ ਮੱਦਦ ਦਿੱਤੀ ਜਾਵੇਗੀ। |
| 2(b) | ਬੇ-ਜਮੀਨੇ ਲੋਕ ਜਿਹਨਾਂ ਦੀ ਰੋਜ਼ੀ ਰੋਟੀ ਦਾ ਮੁੱਢਲਾ ਸਾਧਨ ਪ੍ਰਭਾਵਿਤ ਹੋਇਆ ਹੈ। | ਕੋਈ ਨਹੀਂ। | ਕੋਈ ਨਹੀਂ। |
| 3 | ਜਨਤਕ ਸਥਾਨਾਂ/ਸਰਕਾਰੀ ਇਮਾਰਤਾਂ | ਸਿੱਧੇ ਤੌਰ ਤੇ ਪ੍ਰਭਾਵਿਤ | ---- |

| | | | |
|---|---|---|---|
| | ਦੀ ਗਿਣਤੀ | ਨਹੀਂ। | |
| 4 | ਜਗ੍ਹਾ, ਸਥਾਨਾਂ ਅਤੇ ਮੁੱਢਲਿਆਂ ਸਹੂਲਤਾਂ ਦੇ ਵੇਰਵੇ। | ---- | ---- |
| 5 | ਸਾਂਝੀ ਸੰਪਤੀ ਦਾ ਵੇਰਵਾ | ਗ੍ਰਾਮ ਪੰਚਾਇਤ ਦੇਹ | ਜ਼ਮੀਨ ਉਪਰ ਸੜ੍ਹਕ ਬਣਨ ਨਾਲ ਜਰੂਰਤ ਦੀਆਂ ਚੀਜਾਂ ਤੱਕ ਪਹੁੰਚਣ ਦਾ ਸਤੱਰ ਉੱਚਾ ਹੋਣਾ। |
| 6 | ਪਲਾਟਾਂ ਦਾ ਐਕੁਜਿਸ਼ਨ ਤੋਂ ਬੱਚ ਗਿਆ ਕੁਝ ਹਿੱਸਾ ਜਾਂ ਪਲਾਟ ਦੇ ਮੱਧ ਵਿੱਚੋਂ ਐਕੁਜਿਸ਼ਨ ਹੋਣ ਕਾਰਣ ਆਸੇ-ਪਾਸੇ ਬੱਚੇ ਦੋ-ਫਾੜ ਟੁਕੜੀਆਂ ਵਾਲੀ ਜ਼ਮੀਨ। | | LARRA 2013 Act ਦੇ ਅਨੁਸਾਰ ਮੁਆਵਜਾ ਦਿੱਤਾ ਜਾਵੇਗਾ। |

ਐਕਟ ਦੀ ਧਾਰਾ 16(2) ਤਹਿਤ ਉਲੀਕੀ ਗਈ ਸਕੀਮ ਵਿੱਚ ਸਰਕਾਰੀ ਇਮਾਰਤਾਂ ਅਤੇ ਜਨਤਕ ਸੰਪਤੀਆਂ ਦਾ ਵੇਰਵਾ ਪੁਨਰਵਾਸ ਏਰੀਏ ਵਿੱਚ ਦਿੱਤਾ ਜਾਵੇਗਾ। ਇਹ ਪ੍ਰੌਜੈਕਟ ਮਾਸਟਰ ਪਲੈਨ ਰੋਡ ਦਾ ਨਿਰਮਾਣ ਕਾਰਜ ਹੈ ਅਤੇ ਇਸ ਵਿੱਚ ਕਿਸੇ ਵੀ ਪ੍ਰਕਾਰ ਦੀ ਸਥਾਨਕ ਤਬਦੀਲੀ (Displacement) ਸ਼ਾਮਿਲ ਨਹੀਂ ਇਸ ਕਰਕੇ ਇਹ ਸਹੂਲਤਾਂ ਲੋੜੀਂਦੀਆਂ ਨਹੀਂ।

[illegible] ਆਈ.ਏ.ਐਸ
ਵਧੀਕ ਡਿਪਟੀ ਕਮਿਸ਼ਨਰ (ਜ)

# Timeline

| Sr. No. | Item | Date |
|---|---|---|
| 1 | SIA Notification | 05-02-2021 |
| 2 | Section 11 Notification | 12-07-2021 |
| 3 | Preparation of R&R scheme and hearing | 25-10-2021 |
| 4 | Approval of R&R Scheme by commissioner | |
| 5 | Measurement of survey number | Parallel |
| 6 | Declaration of Section 19 | Feb-2021 |
| 7 | Determination of compensation under section 24 | Parallel |
| 8 | Hearing of claims U/s 21 | April-2021 |
| 9 | Announcement of Award | May 2021 |
| 10 | Taking Possession | July 2021 |

******